ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

ਰੇਡੀਓ



ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ 4 ਜਨਵਰੀ ਨੂੰ ਸ਼ਾਮ 4.30 ਤੋਂ 5.30 ਵਜੇ ਤੱਕ ਭਾਈ ਰਵਿੰਦਰ ਸਿੰਘ ਤੇ 5 ਜਨਵਰੀ ਨੂੰ ਸਵੇਰੇ 4:00 ਤੋਂ 6:00 ਵਜੇ ਤੱਕ ਭਾਈ ਰਵਿੰਦਰ ਸਿੰਘ 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

ਪੀ. ਟੀ. ਸੀ.

ਪੀ.ਟੀ.ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ 4 ਜਨਵਰੀ ਨੂੰ ਸ਼ਾਮ 4:30 ਤੋਂ 6:30 ਵਜੇ ਤੱਕ ਭਾਈ ਰਵਿੰਦਰ ਸਿੰਘ ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' ਭਾਈ ਨਰਿੰਦਰ ਸਿੰਘ ਅਤੇ 5 ਜਨਵਰੀ ਨੂੰ ਸਵੇਰੇ 4:00 ਵਜੇ ਤੋਂ 7:45 ਵਜੇ ਤੱਕ ਭਾਈ ਰਵਿੰਦਰ ਸਿੰਘ ਤੇ ਭਾਈ ਗੁਰਪ੍ਰੀਤ ਸਿੰਘ ਕੀਰਤਨ ਕਰਨਗੇ।

ਮੁੱਖ ਵਾਕ ਦੀ ਕਥਾ : 4 ਜਨਵਰੀ ਨੂੰ ਗਿਆਨੀ ਸਤਨਾਮ ਸਿੰਘ ਖਡੂਰ ਸਾਹਿਬ ਤੇ 5 ਜਨਵਰੀ ਨੂੰ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸ੍ਰੀ ਮੰਜੀ ਸਾਹਿਬ ਦੀਵਾਨ ਹਾਲ (ਸ੍ਰੀ ਹਰਿਮੰਦਰ ਸਾਹਿਬ) ਵਿਖੇ 7:45 ਵਜੇ ਤੋਂ 8:30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

ਨਗਰ ਕੀਰਤਨ ਸਬੰਧੀ ਜਾਣਕਾਰੀ ਦਿੰਦੇ ਇੰਦਰਜੀਤ ਸਿੰਘ ਮੱਕੜ ਪ੍ਰਧਾਨ ਤੇ ਹੋਰ ਪ੍ਰਬੰਧਕ। ਤਸਵੀਰ-ਹਰਿੰਦਰ ਸਿਘ ਕਾਕਾ

ਮਹਾਨ ਨਗਰ ਕੀਰਤਨ 6 ਜਨਵਰੀ ਨੂੰ-ਇੰਦਰਜੀਤ ਸਿੰਘ ਮੱਕੜ

ਲੁਧਿਆਣਾ, 3 ਜਨਵਰੀ (ਕਵਿਤਾ ਖੁੱਲਰ)- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਉਣ ਲਈ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਲੁਧਿਆਣਾ ਤੋਂ 6 ਜਨਵਰੀ ਨੂੰ ਦੁਪਹਿਰ 1 ਵਜੇ ਮਹਾਨ ਨਗਰ ਕੀਰਤਨ ਸਜਾਇਆ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਇੰਦਰਜੀਤ ਸਿੰਘ ਮੱਕੜ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਨਿੱਘੇ ਸਹਿਯੋਗ ਨਾਲ 6 ਜਨਵਰੀ ਨੂੰ ਸਜਾਏ ਜਾਣ ਵਾਲੇ ਮਹਾਨ ਨਗਰ ਕੀਰਤਨ ਦੀਆਂ ਤਿਆਰੀਆਂ ਉਤਸ਼ਾਹ ਨਾਲ ਕੀਤੀਆਂ ਜਾ ਰਹੀਆਂ ਹਨ। ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਇਸ਼ਮੀਤ ਚੌਕ, ਮਿੰਟ ਗੁਮਰੀ ਚੌਕ, ਮਾਡਲ ਟਾਊਨ ਮਾਰਕੀਟ ਤੋਂ ਹੋ ਕੇ ਮਾਡਲ ਟਾਊਨ ਐਕਸਟੈਨਸ਼ਨ ਦੇ ਵੱਖ ਵੱਖ ਬਲਾਕਾਂ ਦੀ ਪ੍ਰਕਰਮਾ ਕਰਦਾ ਹੋਇਆ ਵਾਪਸ ਇਸੇ ਅਸਥਾਨ 'ਤੇ ਸਮਾਪਤ ਹੋਵੇਗਾ। ਇਸ ਸਮੇਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਮੈਂਬਰ ਮਹਿੰਦਰ ਸਿੰਘ ਡੰਗ, ਜਗਦੇਵ ਸਿੰਘ ਕਲਸੀ, ਜਗਜੀਤ ਸਿੰਘ ਆਹੂਜਾ, ਅੱਤਰ ਸਿੰਘ ਮੱਕੜ, ਰਜਿੰਦਰ ਸਿੰਘ ਡੰਗ, ਬਲਜੀਤ ਸਿੰਘ ਬਾਵਾ,ਅਵਤਾਰ ਸਿੰਘ ਬੀ.ਕੇ, ਹਰਪਾਲ ਸਿੰਘ ਖਾਲਸਾ ਫਰਨੀਚਰ, ਰਹਰਬੰਸ ਸਿੰਘ ਰਾਜਾ, ਦਵਿੰਦਰ ਮੋਹਨ ਸਿੰਘ ਨਿੱਪੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਅਜੀਤ ਵੈੱਬ ਟੀ ਵੀ
ਅੱਜ ਦੇ ਵਿਸ਼ੇਸ਼ ਪ੍ਰੋਗਰਾਮ
ਲੋਕਾਂ ਦੀ ਕਚਹਿਰੀ-ਵਿਧਾਨ ਸਭਾ ਚੋਣਾਂ 2022
ਵੇਖੋ ਤਰਨ ਤਾਰਨ ਦੇ ਲੋਕਾਂ ਦਾ ਮੂਡ

ਵੇਖਣ ਲਈ ਕਲਿੱਕ ਕਰੋ : www.ajittv.com, youtube.com/ajitwebtv, facebook.com/dailyajit

ਲੁਧਿਆਣਾ ਵਿਖੇ ਰੱਲਬਾਤ ਕਰਦੇ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਅਧਿਆਪਕਾਂ ਦੇ ਆਗੂ। ਤਸਵੀਰ-ਹਰਿੰਦਰ ਸਿਘ ਕਾਕਾ

ਪੰਜਾਬ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਅਧਿਆਪਕਾਂ ਵਲੋਂ 4 ਨੂੰ ਬਠਿੰਡਾ ਤੇ 6 ਨੂੰ ਮੋਰਿੰਡਾ ਵਿਖੇ ਰੈਲੀ

ਲੁਧਿਆਣਾ, 3 ਜਨਵਰੀ (ਪੁਨੀਤ ਬਾਵਾ)- ਪੰਜਾਬ ਫੈਡਰੇਸ਼ਨ ਆਫ਼ ਯੂਨੀਵਰਸਿਟੀ ਐਂਡ ਕਾਲਜ ਟੀਚਰਜ਼ ਆਰਗੇਨਾਈਜੇਸ਼ਨ (ਪੀ. ਐਫ. ਯੂ. ਸੀ. ਟੀ. ਓ.), ਪੰਜਾਬ ਤੇ ਚੰਡੀਗੜ੍ਹ ਕਾਲਜ ਟੀਚਰਜ਼ ਯੂਨੀਅਨ (ਪੀ.ਸੀ.ਸੀ.ਟੀ.ਯੂ.), ਸਰਕਾਰੀ ਕਾਲਜ ਟੀਚਰਜ਼ ਐਸੋਸੀਏਸ਼ਨ (ਜੀ.ਸੀ.ਟੀ.ਏ.), ਪੰਜਾਬ ਖੇਤੀਬਾੜੀ ਯੂਨੀਵਰਸਿਟੀ ਟੀਚਰਜ਼ ਯੂਨੀਅਨ (ਪਾਊਟਾ) ਤੇ ਗੁਰੂ ਅੰਗਦ ਦੇਵ ਵੈਟਰਨਰੀ ਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ (ਗਡਵਾਸੂ) ਦੀ ਇਕ ਅਹਿਮ ਮੀਟਿੰਗ ਅੱਜ ਪੀ.ਏ.ਯੂ. ਵਿਖੇ ਹੋਈ ਜਿਸ ਵਿਚ ਆਗੂਆਂ ਨੇ 4 ਜਨਵਰੀ ਨੂੰ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ 6 ਜਨਵਰੀ ਨੂੰ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਮੋਰਿੰਡਾ ਰਿਹਾਇਸ਼ ਦੇ ਬਾਹਰ ਸੂਬਾ ਪੱਧਰੀ ਰੈਲੀ ਕਰਨ ਦਾ ਫ਼ੈਸਲਾ ਕੀਤਾ। ਪੀ.ਐਫ.ਯੂ.ਸੀ.ਟੀ.ਓ. ਦੇ ਪ੍ਰਧਾਨ ਪ੍ਰੋ: ਹਰਮੀਤ ਸਿੰਘ ਕਿੰਗਰਾ ਤੇ ਜਨਰਲ ਸਕੱਤਰ ਡਾ.ਜਗਵੰਤ ਸਿੰਘ ਗਰੇਵਾਲ ਨੇ ਕਿਹਾ ਕਿ ਅਧਿਆਪਕਾਂ ਦੀਆਂ 7ਵੇਂ ਤਨਖ਼ਾਹ ਕਮਿਸ਼ਨਰ ਤੇ ਯੂ.ਸੀ.ਜੀ.ਸੀ. ਗ੍ਰੇਡ ਲਾਗੂ ਕਰਨ ਤੋਂ ਸਰਕਾਰ ਟਾਲਾ ਵੱਟ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਹੱਕੀ ਮੰਗਾਂ ਨਾ ਮੰਨੀਆਂ ਗਈਆਂ। ਤਾਂ ਉਹ ਆਪਣੇ ਸੰਘਰਸ਼ ਨੂੰ ਹੋਰ ਵੀ ਤਿੱਖਾ ਕਰਨਗੇ।

ਡੀ.ਸੀ. ਵਰਿੰਦਰ ਕੁਮਾਰ ਸ਼ਰਮਾ ਤੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਜ਼ਿਲ੍ਹਾ ਸਿੱਖਿਆ ਅਧਿਕਾਰੀ ਲਖਵੀਰ ਸਿੰਘ ਸਮਰਾ ਨਾਲ ਮੁਲਕਾਤ ਕਰਦੇ ਹੋਏ, ਨਾਲ ਸੇਵਾ-ਮੁਕਤ ਸਰਕਾਰੀ ਅਧਿਆਪਕ ਜੀਤ ਰਾਮ। ਅਜੀਤ ਤਸਵੀਰ

ਸਰਕਾਰੀ ਅਧਿਕਾਰੀਆਂ ਨਾਲ ਬਦਸਲੂਕੀ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ-ਡੀ. ਸੀ./ਪੁਲਿਸ ਕਮਿਸ਼ਨਰ

ਲੁਧਿਆਣਾ, 3 ਜਨਵਰੀ (ਅਮਰੀਕ ਸਿੰਘ ਬੱਤਰਾ)-ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਤੇ ਕਮਿਸ਼ਨਰ ਪੁਲਿਸ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਸਰਕਾਰੀ ਅਧਿਕਾਰੀਆਂ ਦੀ ਬੇਇੱਜ਼ਤੀ ਨਹੀਂ ਕਰਨ ਦਿੱਤੀ ਜਾਵੇਗੀ, ਜੇਕਰ ਕੋਈ ਵਿਅਕਤੀ ਅਜਿਹਾ ਕਰਦਾ ਹੈ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਸਖਤ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਸ੍ਰੀ ਸ਼ਰਮਾ ਅਤੇ ਕਮਿਸ਼ਨਰ ਪੁਲਿਸ ਸ. ਭੁੱਲਰ ਸੋਮਵਾਰ ਨੂੰ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਲਖਵੀਰ ਸਿੰਘ ਸਮਰਾ ਜਿਨ੍ਹਾਂ ਦਾ ਪਿਛਲੇ ਦਿਨੀਂ ਮਾਪੇ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਰਜਿੰਦਰ ਘਈ ਅਤੇ ਸਾਥੀਆਂ ਵਲੋਂ ਅਪਮਾਨ ਕੀਤਾ ਗਿਆ ਸੀ, ਦੇ ਦਫ਼ਤਰ ਗਏ ਅਤੇ ਵਿਸ਼ਵਾਸ਼ ਦਿਵਾਇਆ ਕਿ ਉਨ੍ਹਾਂ ਨੂੰ ਇਨਸਾਫ਼ ਦਿਵਾਇਆ ਜਾਵੇਗਾ ਅਤੇ ਕਿਹਾ ਕਿ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਪ੍ਰਸ਼ਾਸਨ ਵਲੋਂ ਗਠਿਤ ਟੀਮਾਂ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਦੇ ਪਿਤਾ ਜੀਤ ਰਾਮ ਜੋ ਸੇਵਾ-ਮੁਕਤ ਸਰਕਾਰੀ ਅਧਿਆਪਕ ਹਨ, ਵੀ ਮੌਜੂਦ ਸਨ।

ਜ਼ਿਲ੍ਹਾ ਸਿੱਖਿਆ ਅਧਿਕਾਰੀ ਨੂੰ ਇਨਸਾਫ਼ ਦਿਵਾਉਣ ਦਾ ਦਿੱਤਾ ਭਰੋਸਾ

ਹਲਕਾ ਲੁਧਿਆਣਾ ਕੇਂਦਰੀ ਦੇ ਵਾਰਡ-63 ਵਿਖੇ ਚੈੱਕ ਵੰਡਣ ਸਮੇਂ ਵਿਧਾਇਕ ਸੁਰਿੰਦਰ ਡਾਵਰ ਤੇ ਹੋਰ। ਅਜੀਤ ਤਸਵੀਰ

ਵਿਧਾਇਕ ਡਾਵਰ ਨੇ ਵਾਰਡ-63 'ਚ ਚੈੱਕ ਵੰਡੇ

ਲੁਧਿਆਣਾ, 3 ਜਨਵਰੀ (ਪੁਨੀਤ ਬਾਵਾ)- ਵਿਧਾਨ ਸਭਾ ਹਲਕਾ ਲੁਧਿਆਣਾ ਕੇਂਦਰੀ ਦੇ ਵਾਰਡ ਨੰਬਰ 63 ਵਿਖੇ ਇਕ ਸਮਾਗਮ ਕਰਵਾਇਆ ਗਿਆ, ਜਿਸ ਵਿਚ ਮੁੱਖ ਮਹਿਮਾਨ ਵਜੋਂ ਪੁੱਜੇ ਹਲਕਾ ਵਿਧਾਇਕ ਸੁਰਿੰਦਰ ਡਾਵਰ ਨੇ ਵਾਰਡ ਦੇ 250 ਪਰਿਵਾਰਾਂ ਨੂੰ 'ਹਰ ਘਰ ਪੱਕੀ ਛੱਤ' ਦੀ ਮੁਹਿਮ ਤਹਿਤ 12-12 ਹਜ਼ਾਰ ਰੁਪਏ ਪ੍ਰਤੀ ਪਰਿਵਾਰ ਸਹਾਇਤਾ ਦੇ ਚੈੱਕ ਦਿੱਤੇ। ਸ੍ਰੀ ਡਾਵਰ ਨੇ ਕਿਹਾ ਕਿ ਹਲਕਾ ਲੁਧਿਆਣਾ ਕੇਂਦਰੀ ਤੇ ਇਸ ਦੇ ਹਰ ਵਾਰਡ ਦੇ ਵਸਨੀਕ ਉਨ੍ਹਾਂ ਦਾ ਆਪਣਾ ਪਰਿਵਾਰ ਹੈ ਅਤੇ ਆਪਣੇ ਪਰਿਵਾਰ ਦੀਆਂ ਮੁਸ਼ਕਿਲਾਂ ਦਾ ਹੱਲ ਕਰਨਾ ਤੇ ਉਨ੍ਹਾਂ ਦੇ ਚੰਗਾ ਜੀਵਨ ਲਈ ਕੰਮ ਕਰਨਾ ਉਨ੍ਹਾਂ ਦਾ ਫਰਜ਼ ਹੈ, ਜਿਸ ਨੂੰ ਬਾਖੂਬੀ ਨਿਭਾਅ ਰਹੇ ਹਨ। ਇਸ ਮੌਕੇ ਬੱਲੂ, ਪਿੰਕੀ ਅਰੋੜਾ, ਰਾਜ ਰਾਣੀ, ਸੰਤੋਸ਼ ਰਾਣੀ, ਦਲੀਪ ਕੁਮਾਰ, ਤੋਤਾ, ਨਾਗਰ ਆਦਿ ਹਾਜ਼ਰ ਸਨ।

ਵਿਸ਼ਾਲ ਨਗਰ ਕੀਰਤਨ ਦਾ ਸਵਾਗਤ ਕਰਨ ਸਮੇਂ ਮਾਈ ਭਾਗੋ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜਗਜੀਤ ਸਿੰਘ ਅਰੋੜਾ, ਰਜਿੰਦਰ ਸਿੰਘ ਜਿੰਮੀ, ਦਲਵਿੰਦਰ ਸਿੰਘ ਘੁੱਮਣ, ਹਰਨੇਕ ਸਿੰਘ ਗਿੱਲ, ਬੀਰ ਇੰਦਰ ਭੱਲਾ, ਬਲਦੇਵ ਸਿੰਘ ਭੱਲਾ ਤੇ ਹੋਰ। ਅਜੀਤ ਤਸਵੀਰ

ਵਿਸ਼ਾਲ ਨਗਰ ਕੀਰਤਨ ਦਾ ਕੀਤਾ ਭਰਵਾਂ ਸਵਾਗਤ

ਲੁਧਿਆਣਾ, 3 ਜਨਵਰੀ (ਕਵਿਤਾ ਖੁੱਲਰ)- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸਿੰਘ ਸਭਾ ਸਰੂਪ ਨਗਰ ਸਲੇਮ ਟਾਬਰੀ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਜਿਸ ਦਾ ਚਾਂਦਨੀ ਚੌਕ ਸਲੇਮਟਾਬਰੀ ਵਿਖੇ ਪਹੁੰਚਣ 'ਤੇ ਬਲਦੇਵ ਸਿੰਘ ਭੱਲਾ ਦੀ ਅਗਵਾਈ ਵਿਚ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਰਜਿੰਦਰ ਸਿੰਘ ਜਿੰਮੀ, ਦਲਵਿੰਦਰ ਸਿੰਘ ਘੁੱਮਣ, ਹਰਨੇਕ ਸਿੰਘ ਗਿੱਲ, ਬੀਰ ਇੰਦਰ ਭੱਲਾ ਆਦਿ ਸ਼ਰਧਾਲੂਆਂ ਵਲੋਂ ਲੰਗਰ ਲਾ ਕੇ ਨਗਰ ਕੀਰਤਨ ਵਿਚ ਸ਼ਾਮਿਲ ਸੰਗਤਾਂ ਦੀ ਸੇਵਾ ਕੀਤੀ ਗਈ। ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਮਾਈ ਭਾਗੋ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜਗਜੀਤ ਸਿੰਘ ਅਰੋੜਾ ਨੇ ਕਿਹਾ ਕਿ ਸੰਗਤ ਲਈ ਲੰਗਰ ਲਗਾਉਣਾ ਬਲਦੇਵ ਸਿੰਘ ਭੱਲਾ ਤੇ ਉਨ੍ਹਾਂ ਦੀ ਪੂਰੀ ਟੀਮ ਦਾ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਅਸ਼ੋਕ ਸਿੰਘ ਇੰਸਪੈਕਟਰ ਕਾਰਪੋਰੇਸ਼ਨ, ਸੁਖਦੇਵ ਸਿੰਘ, ਤਰਲੋਕ ਸਿੰਘ, ਅਮਰਜੀਤ ਸਿੰਘ ਭੱਲਾ, ਰਾਜਨ ਭੱਲਾ, ਜਸਬੀਰ ਸਿੰਘ, ਭੋਲਾ ਜੀ, ਰਮੇਸ਼ ਕੁਮਾਰ, ਪ੍ਰਮੋਦ ਕੁਮਾਰ, ਜਤਿੰਦਰ ਸਿੰਘ, ਪੰਮੀ ਅਹੂਜਾ ਆਦਿ ਸ਼ਰਧਾਲੂਆਂ ਨੇ ਵੀ ਹਾਜ਼ਰੀਆਂ ਲਵਾਈਆਂ।

ਸਾਬਕਾ ਕੌਂਸਲਰ ਨਰਿੰਦਰ ਸਿੰਘ ਮੱਲ੍ਹੀ ਦਾ ਸਨਮਾਨ ਕਰਦੇ ਹੋਏ ਹਿਮਾਚਲੀ ਭਾਈਚਾਰੇ ਦੇ ਆਗੂ ਪਵਨ ਸ਼ਰਮਾ, ਭਾਰਤ ਭੂਸ਼ਨ ਸ਼ਰਮਾ, ਸ਼ਸ਼ੀ ਭੂਸ਼ਨ ਸ਼ਰਮਾ ਅਤੇ ਹੋਰ। ਅਜੀਤ ਤਸਵੀਰ

ਹਿਮਾਚਲੀ ਭਾਈਚਾਰੇ ਵਲੋਂ ਸਾਬਕਾ ਕੌਂਸਲਰ ਨਰਿੰਦਰ ਸਿੰਘ ਮੱਲ੍ਹੀ ਨੂੰ ਭਾਜਪਾ ਟਿਕਟ ਦੇਣ ਦੀ ਮੰਗ

ਲੁਧਿਆਣਾ, 3 ਜਨਵਰੀ (ਅਮਰੀਕ ਸਿੰਘ ਬੱਤਰਾ)- ਲੁਧਿਆਣਾ 'ਚ ਵਸਦੇ ਹਿਮਾਚਲੀ ਭਾਈਚਾਰੇ ਦੇ ਪ੍ਰਤੀਨਿਧਾਂ ਨੇ ਭਾਜਪਾ ਹਾਈਕਮਾਂਡ ਨੂੰ ਅਪੀਲ ਕੀਤੀ ਕਿ ਵਿਧਾਨ ਸਭਾ ਹਲਕਾ ਉਤਰੀ ਤੋਂ ਸਾਬਕਾ ਕੌਂਸਲਰ ਤੇ ਭਾਜਪਾ ਕਿਸਾਨ ਵਿੰਗ ਦੇ ਆਗੂ ਨਰਿੰਦਰ ਸਿੰਘ ਮੱਲ੍ਹੀ ਨੂੰ ਪਾਰਟੀ ਦੀ ਟਿਕਟ ਤੇ ਚੋਣ ਲੜਾਈ ਜਾਵੇ। ਭਾਜਪਾ ਹਿਮਾਚਲੀ ਵਿੰਗ ਦੇ ਸਾਬਕਾ ਸੰਯੋਜਕ, ਭਾਰਤ ਭੂਸ਼ਨ ਚੰਦੇਲ, ਪਵਨ ਸ਼ਰਮਾ, ਸੋਹਨ ਲਾਲ, ਡਾ. ਰਾਮ ਸਰੂਪ ਸ਼ਰਮਾ, ਰਾਜ ਕੁਮਾਰ ਸ਼ਰਮਾ, ਹਿਮਾਚਲ ਪ੍ਰਾਂਤੀਆ ਸਭਾ ਸਿਵਲ ਲਾਈਨ ਮੰਡਲ ਦੇ ਪ੍ਰਧਾਨ ਅਰੁਣ ਸ਼ਰਮਾ, ਮੁਲਤਾਨ ਪਠਾਨੀਆ, ਵਿਕਾਸ ਪ੍ਰੇਮ, ਸ਼ਸ਼ੀ ਭੂਸ਼ਨ ਸ਼ਰਮਾ ਵੋਲੰ ਸਾਬਕਾ ਕੌਂਸਲਰ ਸ. ਮੱਲ੍ਹੀ ਨਾਲ ਮੁਲਾਕਾਤ ਕਰਕੇ ਪੂਰਨ ਸਮਰਥਕ ਦੇਣ ਦਾ ਵਿਸ਼ਵਾਸ਼ ਦਿਵਾਇਆ। ਪਵਨ ਸ਼ਰਮਾ ਵਲੋਂ ਪਹਿਲਾਂ ਲੁਧਿਆਣਾ ਉੱਤਰੀ ਹਲਕੇ ਤੋਂ ਟਿਕਟ ਲਈ ਦਾਅਵੇਦਾਰੀ ਪੇਸ਼ ਕੀਤੀ ਸੀ, ਪਰੰਤੂ ਹੁਣ ਉਹ ਵੀ ਸ. ਮੱਲ੍ਹੀ ਦੇ ਸਮਰਥਨ 'ਚ ਆ ਗਏ ਹਨ। ਜ਼ਿਕਰਯੋਗ ਹੈ ਕਿ ਸ. ਮੱਲ੍ਹੀ ਕਰੀਬ 5 ਹਜ਼ਾਰ ਵੋਟਾਂ ਦੇ ਫਰਕ ਨਾਲ ਕੌਂਸਲਰ ਦੀ ਚੋਣ ਜਿੱਤੇ ਸਨ ਅਤੇ ਉਨ੍ਹਾਂ ਦੀ ਪਤਨੀ ਵੀ ਇਕ ਵਾਰ ਕੌਂਲਰ ਰਹਿ ਚੁੱਕੀ ਹੈ।

ਦੀਵਾਨ ਹਾਲ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਪੰਥਕ ਇਕੱਠ 'ਚ ਸ਼ਾਮਿਲ ਹੋਣ ਲਈ ਵਿਧਾਨ ਸਭਾ ਹਲਕਾ ਗਿੱਲ ਤੋਂ ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਗੱਠਜੋੜ ਦੇ ਸਾਂਝੇ ਉਮੀਦਵਾਰ ਦਰਸ਼ਨ ਸਿੰਘ ਸ਼ਿਵਾਲਿਕ ਵਰਕਰਾਂ ਦੇ ਵੱਡੇ ਕਾਫ਼ਲੇ ਸਮੇਤ ਬਾੜੇਵਾਲ ਸਿੱਧਵਾਂ ਨਹਿਰ ਕਿਨਾਰੇ ਸਥਿਤ ਪਾਰਟੀ ਦੇ ਮੁੱਖ ਦਫਤਰ ਤੋਂ ਰਵਾਨਾ ਹੋਏ। ਤਸਵੀਰ-ਮਨਜੀਤ ਸਿੰਘ ਦੁੱਗਰੀ

ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਵਿਖੇ ਜੋੜ ਮੇਲੇ ਦੇ ਦੂਜੇ ਦਿਨ ਕਥਾ-ਕੀਰਤਨ ਦਰਬਾਰ ਦੌਰਾਨ ਭਾਈ ਜਸਵੰਤ ਸਿੰਘ ਦਾ ਕੀਰਤਨੀ ਜਥਾ ਕੀਰਤਨ ਕਰਦਾ ਹੋਇਆ। (ਸੱਜੇ) ਮੀਰੀ-ਪੀਰੀ ਜਥਾ ਜਗਾਧਰੀ ਨੂੰ ਸਿਰੋਪਾਓ ਭੇਟ ਕਰਦੇ ਹੋਏ ਜਥੇਦਾਰ ਜਗਜੀਤ ਸਿੰਘ ਤਲਵੰਡੀ, ਜਥੇਦਾਰ ਰਘਵੀਰ ਸਿੰਘ ਸਹਾਰਨਮਾਜਰਾ (ਦੋਵੇਂ ਮੈਂਬਰ ਸ਼੍ਰੋਮਣੀ ਕਮੇਟੀ), ਮੈਨੇਜਰ ਗੁਰਸੇਵਕ ਸਿੰਘ। ਤਸਵੀਰਾਂ: ਬਲਵਿੰਦਰ ਸਿੰਘ ਲਿੱਤਰ

ਗੁ: ਟਾਹਲੀਆਣਾ ਸਾਹਿਬ ਵਿਖੇ ਜੋੜ ਮੇਲੇ ਦੇ ਦੂਜੇ ਦਿਨ ਕਥਾ ਕੀਰਤਨ ਦਰਬਾਰ ਸਜਾਇਆ

ਰਾਏਕੋਟ, 3 ਜਨਵਰੀ (ਬਲਵਿੰਦਰ ਸਿੰਘ ਲਿੱਤਰ)- ਗੁਰਦੁਆਰਾ ਟਾਹਲੀਆਣਾ ਸਾਹਿਬ ਪਾਤਸ਼ਾਹੀ ਦਸਵੀਂ ਰਾਏਕੋਟ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਪਾਉਣ ਦੀ ਖੁਸ਼ੀ ਵਿਚ ਮਨਾਏ ਜਾਂਦੇ ਆਗਮਨ ਪੁਰਬ ਸਬੰਧੀ ਸਾਲਾਨਾ ਜੋੜ ਮੇਲੇ ਦੇ ਦੂਜੇ ਦਿਨ ਜਥੇਦਾਰ ਜਗਜੀਤ ਸਿੰਘ ਤਲਵੰਡੀ ਮੈਂਬਰ ਸ਼੍ਰੋਮਣੀ ਗ